saalt
SOUTH ASIAN AMERICANS LEADING TOGETHER
630 Carroll Avenue, Suite 506 | Takoma Park, MD 20912
Phone: 301.270.1655 | Fax: 301.270.1882 | info@saalt.org | www.saalt.org

# ਪ੍ਰਵਾਸੀ ਰਾਹਤ ਲਈ ਤਿਆਰੀ ਕਰਨਾ | ਜਨਵਰੀ 2015

ਕਈ ਹਜਾਰ ਦੱਖਣੀ ਏਸ਼ਿਆਈ ਸਮੁਦਾਏ ਦੇ ਸਦੱਸ ਦੇਸ਼ ਨਿਕਾਲੇ ਤੋਂ ਸੁਰੱਖਿਆ, ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਰਹਿਣ, ਅਤੇ ਨਵੰਬਰ 2014 ਵਿੱਚ ਘੋਸ਼ਣਾ ਕੀਤੀ ਪ੍ਰਵਾਸੀ ਸੇਵਾ ਤੇ ਰਾਸ਼ਟਰਪਤੀ ਓਬਾਮਾ ਦੀ ਹਾਲ ਹੀ ਦੀ ਕਾਰਜਕਾਰੀ ਕਿਰਿਆ ਦੇ ਨਾਲ ਕੰਮ ਦੇ ਅਧਿਕਰਨ ਨੂੰ ਹਾਸਲ ਕਰਨ ਦੇ ਫਾਇਦੇ ਲਈ ਮੌਜੂਦ ਹਨ। ਨਵੀਂ ਕਾਰਜਕਾਰੀ ਕਿਰਿਆ ਡੈਫਰਡ ਐਕਸ਼ਨ ਫਾਰ ਪੇਰੈਂਟਲ ਅਕਾਊਂਟੇਬਿਲਿਟੀ (DAPA) ਦਾ ਨਿਰਮਾਣ ਕਰਦੀ ਹੈ, ਪੱਤਰ ਪ੍ਰਵਾਸੀ ਛੋਟੀ ਉਮਰ ਦੇ ਲੋਕਾਂ ਲਈ ਡੈਫਰਡ ਐਕਸ਼ਨ ਫਾਰ ਚਾਇਲਡਹੁਡ ਅਰਾਇਵਲਸ (DACA) ਦਾ ਵਿਸਤਾਰ ਕਰਦੀ ਹੈ, ਪ੍ਰਵਾਸੀ ਲਾਗੂਕਰਨ ਦੀਆਂ ਪ੍ਰਥਮਤਾਵਾਂ ਦਾ ਸੰਸ਼ੋਧਨ ਕਰਦੀ ਹੈ, ਅਤੇ ਅਮਰੀਕਾ ਵਿੱਚ ਉੱਚ-ਕੌਸ਼ਲ ਵਾਲੇ ਉਦਯੋਗਕ ਕਰਮਚਾਰੀਆਂ ਦੇ ਨਾਲ-ਨਾਲ, ਅਪਰਾਧਾਂ ਦੇ ਪ੍ਰਵਾਸੀ ਦੋਸ਼ੀਆਂ ਦਾ ਸਮਰਥਨ ਕਰਨ ਲਈ ਪਾਲਸੀਆਂ ਨੂੰ ਵਿਕਸਤ ਕਰਦੀ ਹੈ।

ਪਿਉ ਰੀਸਰਚ ਸੈਂਟਰ ਨੇ ਸਥਾਪਨਾ ਕੀਤੀ ਹੈ ਕਿ ਭਾਰਤ ਇਕੱਲਾ ਹੀ ਅਮਰੀਕਾ ਵਿੱਚ ਬਿਨਾਂ ਦਸਤਾਵੇਜ਼ਾਂ ਤੋਂ ਪ੍ਰਵਾਸੀਆਂ ਦੀ ਚੌਥੀ-ਉੱਚ ਸੰਖਿਆ ਨੂੰ ਭੇਜਦਾ ਹੈ। ਲਗਭਗ 450,000 ਬਿਨਾਂ ਦਸਤਾਵੇਜ਼ ਵਾਲੇ ਭਾਰਤੀਆਂ ਦੇ 40% ਤੋਂ ਜ਼ਿਆਦਾ ਦੀ ਇਨ੍ਹਾਂ ਨਵੇਂ ਪ੍ਰੋਗਰਾਮਾਂ ਲਈ ਪੱਤਰ ਹੋਣ ਦੀ ਉਮੀਦ ਕੀਤੀ ਜਾਂਦੀ ਹੈ, ਅਤੇ ਨਾਲ ਹੀ ਬੰਗਲਾਦੇਸ਼, ਪਾਕਿਸਤਾਨ, ਨੇਪਾਲ, ਅਤੇ ਹੋਰ ਦੱਖਣੀ ਏਸ਼ਿਆਈ ਦੇਸ਼ਾਂ ਤੋਂ ਵਿਅਕਤੀਆਂ ਦੀ ਵੀ ਪੱਤਰ ਹੋਣ ਦੀ ਸੰਭਾਵਨਾ ਹੁੰਦੀ ਹੈ। DAPA ਅਤੇ DACA ਪ੍ਰੋਗਰਾਮ ਦੇਸ਼ ਭਰ ਵਿੱਚ ਦੱਖਣੀ ਏਸ਼ਿਆਈ ਪ੍ਰਵਾਸੀਆਂ ਲਈ ਮਹੱਤਵਪੂਰਨ ਵਿਕਲਪ ਹਨ, ਅਤੇ ਇਹ ਇਸ ਗੱਲ ਨੂੰ ਯਕੀਨੀ ਬਣਾ ਰਹੇ ਹਨ ਕਿ ਸਾਡੇ ਸਮੁਦਾਏ ਦੇ ਸਦੱਸ ਇਨ੍ਹਾਂ ਦੇ ਗੰਭੀਰ ਸਥਿਤੀ ਵਿੱਚ ਹੋਣ ਦੇ ਬਾਵਜੂਦ ਸੁਰੱਖਿਆ ਅਤੇ ਅਧਿਕਾਰਾਂ ਲਈ ਅਰਜ਼ੀ ਕਰ ਸਕਦੇ ਹਨ।

ਜੱਦਕਿ ਸਰਕਾਰ ਨੇ ਹਾਲੇ ਨਵੇਂ ਪ੍ਰੋਗਰਾਮਾਂ ਲਈ ਸਟੀਕ ਸ਼ੁਰੂਆਤੀ ਮਿਤੀ ਨੂੰ ਨਿਰਧਾਰਤ ਨਹੀਂ ਕੀਤਾ ਹੈ, ਹੇਠਾਂ ਕੁਝ ਮਹੱਤਵਪੂਰਨ ਸੂਚਨਾ ਦਿੱਤੀ ਗਈ ਹੈ ਜੋ ਕਿ ਹੁਣ ਤਕ ਸਾਡੇ ਕੋਲ ਹੈ। ਇਨ੍ਹਾਂ ਪ੍ਰੋਗਰਾਮਾਂ ਲਈ ਅਪਡੇਟਾਂ ਅਤੇ ਸ਼ੁਰੂਆਤੀ ਮਿਤੀਆਂ ਵਾਸਤੇ www.saalt.org ਜਾਂ http://www.uscis.gov/immigrationaction ਤੇ ਜਾਓ।

## ਪੱਤਰ ਕੌਣ ਹੁੰਦਾ ਹੈ ?

**ਵਧੇਰੀ ਜਾਣਕਾਰੀ ਲਈ https://nilc.org/relief.html ਤੇ ਜਾਓ)**

- DACA ਜਾਂ DAPA ਲਈ ਅਰਜ਼ੀ ਦੇਣ ਵਾਲੇ ਵਿਅਕਤੀ ਤਿੰਨ-ਸਾਲ ਦੀ ਅਵਧੀ ਲਈ ਕੰਮ ਦੇ ਅਧਿਕਰਨ ਲਈ ਅਰਜ਼ੀ ਦੇਣ ਵਾਸਤੇ ਪੱਤਰ ਹਨ। DACA ਅਤੇ DAPA ਦੋਵੇਂ ਹੀ ਹਾਲੇ ਅਸਥਾਈ ਹਨ ਪਰ ਤਿੰਨ ਸਾਲਾਂ ਦੀ ਅਵਧੀ ਲਈ ਨਵਿਆਉਣਯੋਗ ਹਨ। DAPA ਅਰਜ਼ੀ ਦੀ ਪਰਕਿਰਿਆ ਮਈ 2015 ਤਕ ਸ਼ੁਰੂ ਹੋਣ ਦੀ ਆਸ ਨਹੀਂ ਲਗਾਈ ਜਾਂਦੀ ਹੈ।
- ਨਵੰਬਰ 24, 2014 ਨੂੰ ਜਾਂ ਇਸ ਤੋਂ ਬਾਅਦ DACA ਜਾਂ DACA ਨਵਿਆਉਣ ਲਈ ਅਰਜ਼ੀ ਦੇਣ ਵਾਲੇ ਵਿਅਕਤੀਆਂ ਨੂੰ ਉਨ੍ਹਾਂ ਦੀ ਅਰਜ਼ੀ ਦੀ ਮਨਜੂਰੀ ਨੂੰ ਮੁਅੱਤਲ ਕਰਦੇ ਹੋਏ, ਤਿੰਨ ਸਾਲਾਂ ਲਈ DACA ਵਿਸਤਾਰ ਅਤੇ ਕੰਮ ਦਾ ਅਧਿਕਰਨ ਦਿੱਤਾ ਜਾਵੇਗਾ।

## ਡੈਫਰਡ ਐਕਸ਼ਨ ਫਾਰ ਚਾਇਲਡਹੁਡ ਅਰਾਇਵਲਸ (DACA)

**ਇਸੇ ਵੇਲੇ DACA ਲਈ ਪੱਤਰ ਹੋਣ ਲਈ, ਤੁਹਾਡਾ ਹੇਠਾਂ ਦਿੱਤੇ ਚਿੰਨ੍ਹਾਂ ਨੂੰ ਕਰਨਾ ਲਾਜ਼ਮੀ ਹੈ:**

- 16 ਸਾਲ ਦੀ ਉਮਰ ਤੋਂ ਪਹਿਲਾਂ ਅਮਰੀਕਾ ਵਿੱਚ ਪਹੁੰਚਣਾ।
- 15 ਜੂਨ, 2007 ਤੋਂ ਪਹਿਲਾਂ ਤੋਂ ਲੈ ਕੇ ਅਮਰੀਕਾ ਵਿੱਚ ਨਿਰੰਤਰ ਤੌਰ ਤੇ ਰਹਿੰਦੇ ਹੋਣਾ ਅਤੇ 15 ਜੂਨ, 2012 ਨੂੰ ਅਮਰੀਕਾ ਵਿੱਚ ਮੌਜੂਦ ਸੀ।
- ਵਰਤਮਾਨ ਵਿੱਚ ਸਕੂਲ ਜਾਂਦੇ ਹੋਣਾ, ਹਾਈ ਸਕੂਲ ਤੋਂ ਪੜ੍ਹਾਈ ਕੀਤੀ ਹੋਣੀ, ਜਨਰਲ ਐਜੂਕੇਸ਼ਨ ਡਵੇਲਪਮੈਂਟ (GED) ਪ੍ਰਮਾਣ-ਪੱਤਰ ਨੂੰ ਹਾਸਲ ਕੀਤਾ ਹੋਣਾ, ਜਾਂ ਯੂ.ਐੱਸ. ਕੋਸਟ ਗਾਰਡ ਜਾਂ ਫੌਜ ਦਾ ਸਤਿਕਾਰਯੋਗ ਤਰੀਕੇ ਨਾਲ ਕੱਢਿਆ ਪੁਰਾਣਾ ਸਿਪਾਹੀ ਹੋਣਾ।
- ਕਿਸੇ ਸੰਗੀਨ ਜੁਰਮ, ਕੋਈ ਮਹੱਤਵਪੂਰਨ ਕੁਕਰਮ ਅਪਰਾਧ, ਕਈ ਕੁਕਰਮ ਅਪਰਾਧਾਂ ਦੇ ਦੋਸ਼ੀ ਨਾ ਪਾਇਆ ਗਿਆ ਹੋਣਾ, ਜਾਂ ਹੋਰ ਹਲਾਤਾਂ ਵਿੱਚ "ਰਾਸ਼ਟਰੀ ਰੱਖਿਆ ਜਾਂ ਸਮਾਜਕ ਸੁਰੱਖਿਆ ਦੇ ਪ੍ਰਤੀ ਖਤਰਾ ਨਾ ਹੋਣਾ।"
- 30 ਸਾਲ ਤੋਂ ਜ਼ਿਆਦਾ ਦੀ ਉਮਰ ਦਾ ਨਾ ਹੋਣਾ।

## ਵਿਸਤ੍ਰਿਤ ਡੈਫਰਡ ਐਕਸ਼ਨ ਫਾਰ ਚਾਇਲਡਹੁਡ ਅਰਾਇਵਲਸ (DACA)

**ਨਵੇਂ ਵਿਸਤ੍ਰਿਤ DACA ਪ੍ਰੋਗਰਾਮ ਲਈ ਅਰਜ਼ੀਆਂ ਤੇ ਫਰਵਰੀ 2015 ਵਿੱਚ ਪਰਕਿਰਿਆ ਕੀਤੇ ਜਾਣ ਦੀ ਉਮੀਦ ਕੀਤੀ ਜਾਂਦੀ ਹੈ। ਪੱਤਰ ਹੋਣ ਲਈ, ਤੁਹਾਡਾ ਹੇਠਾਂ ਦਿੱਤੇ ਚਿੰਨ੍ਹਾਂ ਨੂੰ ਕਰਨਾ ਲਾਜ਼ਮੀ ਹੈ:**

- 16 ਸਾਲ ਦੀ ਉਮਰ ਤੋਂ ਪਹਿਲਾਂ ਅਮਰੀਕਾ ਵਿੱਚ ਪਹੁੰਚਣਾ।
- 1 ਜਨਵਰੀ, 2010 ਤੋਂ ਪਹਿਲਾਂ ਤੋਂ ਅਮਰੀਕਾ ਵਿੱਚ ਨਿਰੰਤਰ ਤੌਰ ਤੇ ਰਹਿੰਦੇ ਹੋਣਾ।
- ਵਰਤਮਾਨ ਵਿੱਚ ਸਕੂਲ ਜਾਂਦੇ ਹੋਣਾ, ਉੱਚ ਸਿੱਖਿਆ ਸੰਸਥਾਨ ਵਿੱਚ ਭਰਤੀ ਹੋਣਾ, ਹਾਈ ਸਕੂਲ ਤੋਂ ਪੜ੍ਹਾਈ ਕੀਤੀ ਹੋਣੀ, ਜਨਰਲ ਐਜੂਕੇਸ਼ਨ ਡਵੇਲਪਮੈਂਟ (GED) ਪ੍ਰਮਾਣ-ਪੱਤਰ ਨੂੰ ਹਾਸਲ ਕੀਤਾ ਹੋਣਾ, ਜਾਂ ਯੂ.ਐੱਸ. ਕੋਸਟ ਗਾਰਡ ਜਾਂ ਫੌਜ ਦਾ ਸਤਿਕਾਰਯੋਗ ਤਰੀਕੇ ਨਾਲ ਕੱਢਿਆ ਪੁਰਾਣਾ ਸਿਪਾਹੀ ਹੋਣਾ।
- ਕਿਸੇ ਸੰਗੀਨ ਜੁਰਮ, ਕੋਈ ਮਹੱਤਵਪੂਰਨ ਕੁਕਰਮ ਅਪਰਾਧ, ਕਈ ਕੁਕਰਮ ਅਪਰਾਧਾਂ ਦੇ ਦੋਸ਼ੀ ਨਾ ਪਾਇਆ ਗਿਆ ਹੋਣਾ, ਜਾਂ ਹੋਰ ਹਲਾਤਾਂ ਵਿੱਚ "ਰਾਸ਼ਟਰੀ ਰੱਖਿਆ ਜਾਂ ਸਮਾਜਕ ਸੁਰੱਖਿਆ ਦੇ ਪ੍ਰਤੀ ਖਤਰਾ ਨਾ ਹੋਣਾ।"
- ਨੋਟ: ਵਿਸਤ੍ਰਿਤ DACA ਲਈ ਕੋਈ ਉਮਰ ਸੀਮਾ ਨਿਰਧਾਰਤ ਨਹੀਂ ਹੈ।

## ਡੈਫਰਡ ਐਕਸ਼ਨ ਫਾਰ ਪੇਰੈਂਟਲ ਅਕਾਊਂਟੇਬਿਲਿਟੀ (DAPA)

**DAPA ਲਈ ਪੱਤਰ ਹੋਣ ਵਾਸਤੇ, ਤੁਹਾਡਾ ਹੇਠਾਂ ਦਿੱਤੇ ਚਿੰਨ੍ਹਾਂ ਨੂੰ ਕਰਨਾ ਲਾਜ਼ਮੀ ਹੈ:**

- ਅਜਿਹਾ ਮੁੰਡਾ ਜਾਂ ਕੁੜੀ ਹੋਣਾ ਜੋ 20 ਨਵੰਬਰ, 2014 ਤੋਂ ਅਮਰੀਕੀ ਨਾਗਰਕ ਜਾਂ ਲਾਅਫੁਲ ਪਰਮਾਨੈਂਟ ਰੇਜ਼ਿਡੇਂਟ (LPR) ਹੈ।
- 1 ਜਨਵਰੀ, 2010 ਤੋਂ ਪਹਿਲਾਂ ਤੋਂ ਅਮਰੀਕਾ ਵਿੱਚ ਨਿਰੰਤਰ ਤੌਰ ਤੇ ਰਹਿੰਦਾ ਹੋਣਾ।
- 20 ਨਵੰਬਰ, 2014 ਨੂੰ ਅਮਰੀਕਾ ਵਿੱਚ ਭੌਤਕ ਤੌਰ ਤੇ, ਅਤੇ DAPA ਪ੍ਰੋਗਰਾਮ ਦੀ ਅਰਜ਼ੀ ਪਰਕਿਰਿਆ ਦੇ ਜ਼ਰੀਏ ਡੈਫਰਡ ਐਕਸ਼ਨ ਲਈ ਵਿਚਾਰ ਕਰਨ ਵਾਸਤੇ ਬੇਨਤੀ ਦੇ ਸਮੇਂ ਤੇ ਮੌਜੂਦ ਰਿਹਾ ਹੋਣਾ।
- 20 ਨਵੰਬਰ, 2014 ਤੋਂ ਲੈ ਕੇ ਕੋਈ ਕਨੂੰਨੀ ਪ੍ਰਵਾਸੀ ਸਥਿਤੀ ਨਹੀਂ ਹੈ।
- ਹੋਮਲੈਂਡ ਸੁਰੱਖਿਆ ਲਾਗੂਕਰਨ ਪ੍ਰਥਮਤਾ ਦੇ ਵਿਭਾਗ ਦੀਆਂ ਸ਼੍ਰੇਣੀਆਂ ਦੇ ਤੈਹਤ ਨਹੀਂ ਆਉਂਦੇ ਹੋਣਾ। (ਵਧੇਰੀ ਜਾਣਕਾਰੀ ਲਈ ਹੇਠਾਂ ਦੇਖੋ)
- ਹੋਰ ਕੋਈ ਵੀ ਅਜਿਹੇ ਕਾਰਕ ਮੌਜੂਦ ਨਾ ਹੋਣਾ ਜੋ ਕਿ ਤੁਹਾਨੂੰ ਇਸ ਸਥਿਤੀ ਲਈ ਅਯੋਗ ਬਣਾ ਦੇਣਗੇ।

## DAPA ਲਈ ਕਿਵੇਂ ਤਿਆਰ ਹੋਣਾ ਹੈ:

- ਅਰਜ਼ੀ ਦੀ ਫੀਸ ਲਈ ਪੈਸੇ ਬਚਾਓ (ਵਰਤਮਾਨ ਵਿੱਚ $465)।
- ਆਪਣੀ ਪਛਾਣ ਦਾ ਪ੍ਰਮਾਣ ਹਾਸਲ ਕਰੋ, ਜਿਵੇਂ ਕਿ ਆਪਣੇ ਮੂਲ ਦੇਸ਼ ਤੋਂ ਪਾਸਪੋਰਟ ਜਾਂ ਫੋਟੋ ਆਈਡੀ ਦੇ ਨਾਲ ਜਨਮ ਸੰਬੰਧੀ ਪ੍ਰਮਾਣ-ਪੱਤਰ।
- ਅਮਰੀਕੀ ਨਾਗਰਕ ਜਾਂ LPR ਪਰਿਵਾਰਕ ਸਦੱਸਾਂ ਨਾਲ ਆਪਣੇ ਰਿਸ਼ਤੇ ਦਾ ਪ੍ਰਮਾਣ ਇਕੱਤਰ ਕਰੋ।
- ਇਸ ਦਾ ਪ੍ਰਮਾਣ ਇਕੱਤਰ ਕਰੋ ਕਿ ਤੁਸੀਂ ਕਿੰਨੇ ਲੰਬੇ ਸਮੇਂ ਤੋਂ ਅਮਰੀਕਾ ਵਿੱਚ ਰਹੇ ਹੋ।
- ਜੇ ਤੁਹਾਨੂੰ ਕੋਈ ਅਪਰਾਧ ਸੰਬੰਧੀ ਸਜਾ ਸੁਣਾਈ ਗਈ ਹੈ, ਤਾਂ ਆਪਣੇ ਵਕੀਲ ਨਾਲ ਇਸ ਬਾਰੇ ਜਾਂਚ ਕਰੋ ਕਿ ਕੀ ਤੁਸੀਂ ਸਜਾ ਨੂੰ ਕੱਟ, ਰੱਦ, ਜਾਂ ਇਸ ਵਿੱਚ ਸੰਸ਼ੋਧਨ ਕਰ ਸਕਦੇ ਹੋ।
- ਜੇ ਤੁਹਾਨੂੰ ਪੂਰਵ ਦੇਸ਼ਨਿਕਾਲਾ ਜਾਂ ਕੱਢਣ ਦੇ ਆਦੇਸ਼ ਮਿਲੇ ਹਨ, ਤਾਂ ਇਸ ਦੀ ਵਕੀਲ ਜਾਂ ਬੋਰਡ ਆਫ ਇਮਿਗ੍ਰੇਸ਼ਨ ਅਪੀਲਸ (BIA)-ਪ੍ਰਮਾਣਤ ਨੁਮਾਇੰਦੇ ਦੇ ਨਾਲ ਜਾਂਚ ਕਰੋ।

## DACA ਅਤੇ DAPA ਲਈ ਅਰਜ਼ੀ ਦੇਣਾ:

- DACA ਲਈ ਅਰਜ਼ੀ ਦੇਣ ਜਾਂ DACA ਨੂੰ ਨਵਿਆਉਣ ਲਈ, www.uscis.gov/childhoodarrivals ਤੇ ਜਾਓ।
- DACA ਲਈ ਅਰਜ਼ੀ ਦੇਣ ਵਾਸਤੇ ਫੀਸ, ਸੀਮਤ ਫੀਸ ਦੀ ਛੋਟ ਨਾਲ, ਵਰਤਮਾਨ ਵਿੱਚ $465 ਹੈ।
- ਯੂ.ਐੱਸ. ਸਿਟਿਜ਼ਨਸ਼ਿਪ ਅਤੇ ਇਮਿਗ੍ਰੇਸ਼ਨ ਸਰਵਿਸਿਸ (USCIS) ਵਲੋਂ ਫਰਵਰੀ 2015 ਵਿੱਚ ਵਿਸਤ੍ਰਿਤ DACA ਅਤੇ ਮਈ 2015 ਵਿੱਚ DAPA ਲਈ ਅਰਜ਼ੀਆਂ ਨੂੰ ਸਵੀਕਾਰ ਕਰਨਾ ਸ਼ੁਰੂ ਕਰਨ ਦੀ ਉਮੀਦ ਕੀਤੀ ਜਾਂਦੀ ਹੈ।
- ਪ੍ਰੋਗਰਾਮ ਸ਼ੁਰੂ ਹੋਣ ਦੀਆਂ ਨਿਸ਼ਚਤ ਮਿਤੀਆਂ ਲਈ www.uscis.gov ਤੇ ਜਾਂਚ ਕਰਦੇ ਰਹੋ।

## 2015 ਦੀ ਸ਼ੁਰੂਆਤ ਵਿੱਚ ਵਿਜ਼ਾ ਸੰਬੰਧੀ ਤਬਦੀਲੀਆਂ

ਗ੍ਰੀਨ ਕਾਰਡਾਂ ਦੀ ਉਡੀਕ ਕਰਨ ਵਾਲੇ ਉੱਚ-ਕੌਸ਼ਲ ਵਾਲੇ ਕਰਮਚਾਰੀਆਂ ਲਈ ਵਿਜ਼ਾ ਦੀ ਲਚਕੀਲੇ ਕੰਮਕਾਜੀ ਅਧਿਕਰਨ ਸਮੇਤ, ਨੌਕਰੀ ਦੀ ਲਚਕਤਾ ਨੂੰ ਸ਼ਾਮਲ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਗ੍ਰੀਨ ਕਾਰਡ ਦੀ ਉਡੀਕ ਕਰਨ ਵਾਲੇ ਉੱਚ-ਕੌਸ਼ਲ ਵਾਲੇ ਕਰਮਚਾਰੀਆਂ ਦੇ ਪਤੀ-ਪਤਨੀ ਦੀ ਕੰਮਕਾਜੀ ਅਧਿਕਰਨ ਲਈ ਅਰਜ਼ੀ ਦੇਣ ਵਾਸਤੇ ਸੀਮਤ ਵਿਕਲਪਾਂ ਨੂੰ ਪ੍ਰਾਪਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਕਿਰਪਾ ਕਰਕੇ ਵਧੇਰੀ ਜਾਣਕਾਰੀ ਲਈ ਰਾਸ਼ਟਰਪਤੀ ਦੀ ਤੱਥ ਸ਼ੀਟ ਦੀ ਸਮੀਖਿਆ ਕਰੋ।

**U & T ਵਿਜ਼ਾ:** ਯੂ.ਐੱਸ. ਡਿਪਾਰਟਮੈਂਟ ਆਫ ਲੇਬਰ ਵੇਜ ਐਂਡ ਆਰ ਡਿਵਿਜ਼ਨ (WHD) ਤਿੰਨ ਨਵੇਂ ਪੱਤਰਤਾ ਸੰਬੰਧੀ ਅਪਰਾਧਾਂ ਨੂੰ ਸ਼ਾਮਲ ਕਰੇਗਾ ਜਿਨ੍ਹਾਂ ਦੇ ਸ਼ਿਕਾਰ U ਵਿਜ਼ਾ ਅਰਜ਼ੀ ਲਈ ਅਧਾਰ ਵਜੋਂ ਵਰਤੋਂ ਕਰ ਸਕਦੇ ਹਨ: ਜਬਰਦਸਤੀ ਵਸੂਲੀ, ਜਬਰਦਸਤੀ ਮਜ਼ਦੂਰੀ, ਅਤੇ ਵਿਦੇਸ਼ ਤੋਂ ਕਰਮਚਾਰੀਆਂ ਦਾ ਠੇਕਾ ਕਰਨ ਵਿੱਚ ਧੋਖਾਧੜੀ। WHD ਉਦੋਂ ਵਿਅਕਤੀਆਂ ਲਈ T ਵਿਜ਼ਾ ਅਰਜ਼ੀਆਂ ਨੂੰ ਵੀ ਪੂਰਾ ਕਰੇਗਾ ਜਦੋਂ WHD ਕੰਮ ਦੀ ਥਾਂ ਦੀ ਜਾਂਚ ਦੌਰਾਨ ਟ੍ਰੈਫਿਕਿੰਗ ਦਾ ਪਤਾ ਲਗਦਾ ਹੈ। ਵਧੇਰੀ ਜਾਣਕਾਰੀ ਪ੍ਰਾਪਤ ਕਰਨ ਲਈ, ਕਿਰਪਾ ਕਰਕੇ ਡਿਪਾਰਟਮੈਂਟ ਆਫ ਲੇਬਰ ਤੱਥ ਸ਼ੀਟ ਤੇ ਜਾਓ।

## ਹਿਰਾਸਤ ਅਤੇ ਦੇਸ਼ਨਿਕਾਲੇ ਦੀ ਪ੍ਰਥਮਤਾ ਦੀ ਪ੍ਰਣਾਲੀ ਅਤੇ ਸੁਰੱਖਿਅਤ ਸਮੁਦਾਇਆਂ ਨੂੰ ਬਦਲਣਾ

ਰਾਸ਼ਟਰਪਤੀ ਨੇ ਦੇਸ਼ਨਿਕਾਲੇ ਲਈ ਤਿੰਨ ਨਵੀਆਂ ਪ੍ਰਥਮਤਾ ਦੀਆਂ ਸ਼੍ਰੇਣੀਆਂ ਸਥਾਪਤ ਕੀਤੀਆਂ ਹਨ। ਪ੍ਰਥਮਤਾ 1 ਵਿੱਚ ਰਾਸ਼ਟਰੀ ਸੁਰੱਖਿਆ, ਸੀਮਾ ਸੁਰੱਖਿਆ, ਅਤੇ ਸਮਾਜਕ ਸੁਰੱਖਿਆ ਪ੍ਰਤੀ ਖਤਰੇ ਸ਼ਾਮਲ ਹਨ; ਪ੍ਰਥਮਤਾ 2 ਵਿੱਚ ਉਹ ਸ਼ਾਮਲ ਹਨ ਜੋ ਕੁਕਰਮਾਂ ਦੇ ਦੋਸ਼ੀ ਅਤੇ ਪ੍ਰਵਾਸੀ ਦੀ "ਉਲੰਘਣਾ ਕਰਨ ਵਾਲੇ" ਹਨ ਜਿਨ੍ਹਾਂ ਨੇ ਹਾਲ ਹੀ ਵਿੱਚ ਬਿਨਾਂ ਅਧਿਕਰਨ ਅਮਰੀਕਾ ਵਿੱਚ ਦਾਖਲ ਹੋਣ ਦਾ ਜਤਨ ਕੀਤਾ ਹੈ; ਅਤੇ ਪ੍ਰਥਮਤਾ 3 ਵਿੱਚ "ਹੋਰ ਪ੍ਰਵਾਸੀ ਦੀ ਉਲੰਘਣਾ ਕਰਨ ਵਾਲੇ" ਸ਼ਾਮਲ ਹਨ। ਇਹ ਤਿੰਨ-ਟਾਇਰਡ ਪ੍ਰਣਾਲੀ ਡਿਪਾਰਟਮੈਂਟ ਆਫ ਹੋਮਲੈਂਡ ਸਿਕਿਓਰਿਟੀ (DHS) ਨੂੰ ਇਸ ਤੇ ਜਬਰਦਸਤ ਵਿਚਾਰ ਪ੍ਰਦਾਨ ਕਰਦੀ ਹੈ ਕਿ ਕੀ ਬਿਨਾਂ ਦਸਤਾਵੇਜ਼ ਵਾਲੇ ਵਿਅਕਤੀ ਤੇ ਮੁਕਦਮਾ ਕਰਨਾ ਹੈ।

ਪ੍ਰਿਓਰਿਟੀ ਐਨਫੋਰਸਮੈਂਟ ਪ੍ਰੋਗਰਾਮ (PEP) ਸੁਰੱਖਿਅਕ ਸਮੁਦਾਇਆਂ ਨੂੰ ਬਦਲੇਗੀ। ਇਮਿਗ੍ਰੇਸ਼ਨ ਅਤੇ ਕਸਟਮਸ ਐਨਫੋਰਸਮੈਂਟ (ICE) ਨੂੰ ਇਹ ਤਬਦੀਲੀ ਕਰਨ ਲਈ ਹਿਦਾਇਤ ਦਿੱਤੀ ਗਈ ਹੈ, ਪਰ ਸਮੇਂ-ਸੀਮਾ ਨੂੰ ਨਿਰਧਾਰਤ ਨਹੀਂ ਕੀਤਾ ਗਿਆ ਹੈ। ਕਿਰਪਾ ਕਰਕੇ ਨੋਟ ਕਰੋ ਕਿ, PEP ਦੇਸ਼ਨਿਕਾਲੇ ਲਈ ਮੁੜ ਤੋਂ ਪੈਹਲ ਦੇਣ ਵਾਲੇ ਕਾਰਨਾਂ ਦੁਆਰਾ, ਉਨ੍ਹਾਂ ਨੂੰ ਨਾ ਹਟਾਉਂਦੇ ਹੋਏ, ਸੁਰੱਖਿਅਕ ਸਮੁਦਾਇਆਂ ਨੂੰ ਬਦਲੇਗੀ। ਅਤੇ, PEP ਹੋਰ ਪ੍ਰੋਗਰਾਮਾਂ ਨੂੰ ਨਹੀਂ ਬਦਲੇਗੀ, ਜਿਵੇਂ ਕਿ 287(g) ਜਾਂ ਅਪਰਾਧਿਕ ਏਲੀਅਨ ਪ੍ਰੋਗਰਾਮ। PEP ਦੇ ਤੈਹਤ, ਇਮਿਗ੍ਰੇਸ਼ਨ ਅਤੇ ਕਸਟਮਸ ਐਨਫੋਰਸਮੈਂਟ (ICE) ਹਾਲੇ ਵੀ ਉਦੋਂ ਹਾਸਲ ਕੀਤੀ ਉਂਗਲੀ ਦੇ ਨਿਸ਼ਾਨ ਤੇ ਅਧਾਰਤ ਬਾਯੋਮੈਟ੍ਰਿਕ ਜਾਣਕਾਰੀ ਤੇ ਭਰੋਸਾ ਕਰੇਗਾ ਜਦੋਂ ਵਿਅਕਤੀਆਂ ਨੂੰ ਪ੍ਰਦੇਸ਼ਕ ਅਤੇ ਸਥਾਨਕ ਕਨੂੰਨੀ ਲਾਗੂਕਰਨ ਦੁਆਰਾ ਬੁਕ ਕੀਤਾ ਜਾਂਦਾ ਹੈ; ਪਰ, DHS ਵਿਆਖਿਆ ਕਰਦਾ ਹੈ ਕਿ ICE ਨੂੰ ਸਿਰਫ ਬਿਨਾਂ ਦਸਤਾਵੇਜ਼ ਵਾਲੇ ਵਿਅਕਤੀ ਨੂੰ ਹੀ ਟ੍ਰਾਂਸਫਰ ਕਰਨਾ ਚਾਹੀਦਾ ਹੈ ਜੇ ਉਨ੍ਹਾਂ ਨੂੰ ਪ੍ਰਥਮਤਾ 1 ਅਤੇ ਪ੍ਰਥਮਤਾ 2 ਦੀਆਂ ਸ਼੍ਰੇਣੀਆਂ ਦੇ ਅੰਦਰ ਨਿਸ਼ਚਤ ਪ੍ਰਾਵਧਾਨਾਂ ਵਿੱਚ ਸੂਚਿਤ ਸਜਾ ਦਾ ਦੋਸ਼ੀ ਪਾਇਆ ਗਿਆ ਹੈ। ਭਾਵੇਂ ਜਦੋਂ ਸੁਰੱਖਿਅਕ ਸਮੁਦਾਇਆਂ ਨੂੰ PEP ਦੇ ਨਾਲ ਤਬਦੀਲ ਕੀਤਾ ਜਾਂਦਾ ਹੈ, ਫੇਰ ਤੋਂ ਇਹ ਅਸਪਸ਼ਟ ਹੈ ਕਿ ਦੇਸ਼ਨਿਕਾਲੇ ਦੀ ਸੰਖਿਆ ਕਾਫੀ ਜ਼ਿਆਦਾ ਮਾਤਰਾ ਵਿੱਚ ਘਟੇਗੀ ਜਾਂ ਨਹੀਂ।

## ਸੰਘੀ ਸਿਹਤ ਅਤੇ ਆਰਥਕ ਸਮਰਥਨ ਪ੍ਰੋਗਰਾਮ

DACA ਅਤੇ DAPA ਦੇ ਤੈਹਤ, ਵਿਅਕਤੀਆਂ ਕੋਲ ਅਫੋਰਡੇਬਲ ਕੇਅਰ ਐਕਟ ਜਾਂ SNAP (ਭੋਜਨ ਦੀਆਂ ਮੋਹਰਾਂ), TANF (ਕਲਿਆਣ), ਅਤੇ ਸਮਾਜਕ ਹਾਊਸਿੰਗ ਸਬਸਿਡੀ (ਜਿਵੇਂ ਕਿ ਖੰਡ 8) ਸਮੇਤ, ਕੋਈ ਵੀ ਹੋਰ ਸੰਘੀ ਸਮਰਥਨ ਪ੍ਰੋਗਰਾਮ ਦੇ ਤੈਹਤ ਸਿਹਤ ਸੰਬੰਧੀ ਕਵਰੇਜ ਤੇ ਪਹੁੰਚ ***ਨਹੀਂ*** ਹੋਵੇਗੀ। DACA ਅਤੇ DAPA ਪ੍ਰਾਪਤ-ਕਰਤਾਵਾਂ ਨੂੰ ਕੰਮਕਾਜੀ ਇਤਿਹਾਸ ਦੇ 10 ਸਾਲਾਂ ਤੋਂ ਬਾਅਦ ਸਮਾਜਕ ਸੁਰੱਖਿਆ ਰਿਟਾਇਰਮੈਂਟ ਫਾਇਦਿਆਂ ਅਤੇ ਡਾਕਟਰੀ ਦੇਖਭਾਲ, ਭੁਗਤਾਨ ਕੀਤੇ ਕਰਾਂ, ਅਤੇ 66 ਸਾਲ ਦੀ ਉਮਰ ਤੇ ਪਹੁੰਚਣ ਤਕ ਲਈ ਪੱਤਰ ਕੀਤਾ ਜਾਵੇਗਾ। ਵਧੇਰੀ ਜਾਣਕਾਰੀ ਪ੍ਰਾਪਤ ਕਰਨ ਲਈ, ਕਿਰਪਾ ਕਰਕੇ www.nilc.org ਤੇ ਜਾਓ।

## ਆਪਣੇ ਅਧਿਕਾਰ ਜਾਣੋ ਅਤੇ ਸ਼ੋਸ਼ਣ ਤੋਂ ਆਪਣੀ ਰੱਖਿਆ ਕਰੋ

ਨੋਟਰੀ ਸਮਾਜ ਬਣਨ ਲਈ ਦਾਅਵਾ ਕਰਨ ਵਾਲੇ ਲੋਕਾਂ ਅਤੇ ਇਮਿਗ੍ਰੇਸ਼ਨ ਸਲਾਹਕਾਰਾਂ ਤੋਂ ਮਦਦ ਲੈਣ ਵਿੱਚ ਸਾਵਧਾਨ ਰਹੋ। ਆਪਣੇ ਨਿਸ਼ਚਤ ਮਾਮਲੇ ਵਿੱਚ ਮਦਦ ਲੈਣ ਲਈ ਕਿਸੇ ਮਸ਼ਹੂਰ ਵਕੀਲ ਜਾਂ BIA-ਪ੍ਰਮਾਣਤ ਨੁਮਾਇੰਦੇ ਦੀ ਭਾਲ ਕਰੋ। ਤੁਸੀਂ iAmerica ਅਤੇ ਅਮੇਰਿਕਨ ਇਮਿਗ੍ਰੇਸ਼ਨ ਲਾਯਰਸ ਐਸੋਸਿਏਸ਼ਨ ਤੇ ਡੇਟਾਬੇਸ ਦੇ ਜ਼ਰੀਏ ਵਕੀਲ ਦੀ ਭਾਲ ਕਰ ਸਕਦੇ ਹੋ।

## ਵਾਧੂ ਸਰੋਤ

ਹੋਰ ਮਦਦ ਅਤੇ ਸਰੋਤਾਂ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਸੰਗਠਨਾਂ ਤੇ ਜਾਓ ਜਾਂ ਇਨ੍ਹਾਂ ਨਾਲ ਸੰਪਰਕ ਕਰੋ:

ਅਮੇਰਿਕਨ ਇਮਿਗ੍ਰੇਸ਼ਨ ਲਾਯਰਸ ਐਸੋਸਿਏਸ਼ਨ | aila.org

ਏਸ਼ਿਅਨ ਅਮੇਰਿਕਨ ਲੀਗਲ ਡਿਫੈਂਸ ਐਂਡ ਐਜੁਕੇਸ਼ਨ ਫੰਡ | aaldef.org

iAmerica.org | iAmerica.org

ਨੈਸ਼ਨਲ ਇਮਿਗ੍ਰੇਸ਼ਨ ਲਾਅ ਸੈਂਟਰ | nilc.org

ਓਨ ਦਾ ਡ੍ਰੀਮ | weownthedream.org

ਸਾਊਥ ਏਸ਼ਿਅਨ ਅਮੇਰਿਕੰਸ ਲੀਡਿੰਗ ਟੁਗੈਦਰ | saalt.org

ਯੂਨਾਇਟਿਡ ਸਟੇਟਸ ਸਿਟਿਜ਼ਨਸ਼ਿਪ ਐਂਡ ਇਮਿਗ੍ਰੇਸ਼ਨ ਸਰਵਿਸਿਸ (USCIS) | uscis.gov

ਯੂਨਾਇਟਿਡ ਵੀ ਡ੍ਰੀਮ | unitedwedream.org